**State Council of Educational Research & Training, Punjab**
Block-E, 6th Floor, Punjab School Education Board Complex
Phase 8, Sector 62, Mohali,160062 Punjab
Phone: 0172-2212221, Fax: 0172-2212793,Website:*www.scertpunjab.ac.in*

---

ਵੱਲ

ਸਮੂਹ ਸਕੂਲ ਮੁੱਖੀ
ਸਮੂਹ ਡੀ.ਐਮਜ਼/ਬੀ.ਐਮਜ਼ (ਮੈਥ,ਸਾਇੰਸ,ਅੰਗਰੇਜ਼ੀ)
ਪੰਜਾਬ ।

**ਮੀਮੋ ਨੰ: ਐਸ.ਸੀ.ਈ.ਆਰ.ਟੀ/ਸਸਅ/2019/** 2019391959 - 39206
**ਮਿਤੀ:** 18.11.19.

**ਵਿਸ਼ਾ: ਮਿਸ਼ਨ ਸਤ ਪ੍ਰਤੀਸ਼ਤ ਸਬੰਧੀ।**

**1.0** ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਮਿਸ਼ਨ ਸਤ ਪ੍ਰਤੀਸ਼ਤ ਨੂੰ ਕਾਮਯਾਬ ਕਰਨ ਲਈ ਹੇਠ ਲਿਖੇ ਅਨੁਸਾਰ ਪਲਾਨਿੰਗ ਬਣਾਈ ਗਈ ਹੈ ਜਿਸ ਦੇ ਅਧਾਰ ਤੇ ਐਕਟੀਵਿਟੀਜ਼ ਕੀਤੀਆਂ ਜਾਣਗੀਆਂ।ਸਕੂਲ ਮੁੱਖੀ ਆਪਣੇ ਤੌਰ ਤੇ ਵੀ ਮਿਸ਼ਨ ਸਤ ਪ੍ਰਤੀਸ਼ਤ ਨੂੰ ਕਾਮਯਾਬ ਕਰਨ ਲਈ ਕੋਈ ਐਕਟੀਵਿਟੀਜ਼ ਜਾਂ ਗੁੱਡ ਪ੍ਰੈਕਟਿਸ ਕਰਵਾ ਸਕਦੇ ਹਨ:-

**ਨਵੰਬਰ, 2019**

1. 40% ਤੋਂ ਘੱਟ ਨੰਬਰਾਂ ਵਾਲੇ ਅਤੇ 80% ਤੋਂ ਵੱਧ ਨੰਬਰਾਂ ਵਾਲੇ ਬੱਚਿਆਂ ਦੀ ਸਤੰਬਰ ਟੈਸਟ ਦੇ ਅਧਾਰ ਤੇ **ਨਿਸ਼ਾਨਦੇਹੀ ਕੀਤੀ ਜਾ ਚੁੱਕੀ ਹੈ।**
2. ਸਾਫਟਵੇਅਰ ਤੇ ਉਪਰੋਕਤ ਬੱਚਿਆਂ ਦਾ ਅਤੇ ਐਕਸਟਰਾ ਕਲਾਸਾਂ ਦੀ ਵਿਸ਼ਾਵਾਰ ਜਾਣਕਾਰੀ ਦਾ ਡਾਟਾ ਬੀ.ਐਮ. ਵੱਲੋਂ ਸਾਫਟਵੇਅਰ ਤੇ 15 ਨਵੰਬਰ ਤੋਂ ਅਪਲੋਡ ਕਰਨਾ ਸ਼ੁਰੂ ਕਰ ਦਿੱਤਾ ਹੈ।
3. ਇਸ ਦੇ ਅਧਾਰ ਤੇ 20 ਨਵੰਬਰ ਤੱਕ ਜਿਲ੍ਹੇ ਵਿੱਚੋਂ ਹਰ ਵਿਸ਼ੇ ਦੇ ਦੋ ਚੰਗੇ ਅਧਿਆਪਕ / ਬੀ.ਐਮ / ਡੀ/ਐਮ ਦੀ ਨਿਸ਼ਾਨਦੇਹੀ ਕਰਕੇ ਅਤੇ ਟਾਪ ਦੇ 1% ਜਾਂ ਘੱਟੋ-ਘੱਟ 70 (80% ਅੰਕਾਂ ਤੋਂ ਵੱਧ ਵਾਲੇ) ਹੁਸ਼ਿਆਰ ਵਿਦਿਆਰਥੀਆਂ (ਲੜਕਿਆਂ ਅਤੇ ਲੜਕੀਆਂ ਦਾ ਵੱਖ-ਵੱਖ) WhatsApp group ਬਣਾਉਣਾ।
4. 40 % ਤੋਂ ਵੱਧ ਅਤੇ 80% ਤੋਂ ਘੱਟ ਵਾਲੇ ਬੱਚਿਆਂ ਨੂੰ ਸਕੂਲ ਮੁੱਖੀ ਹਰ ਬੱਚੇ ਨੂੰ 5 ਤੋਂ 10% ਨੰਬਰਾਂ ਦਾ ਵਾਧਾ ਕਰਨ ਲਈ ਟੀਚੇ ਦੇਣਗੇ। ਜੋ ਕਿ ਹਰ 15 ਦਿਨਾਂ ਬਾਅਦ ਇਸ ਨੂੰ ਦੁਹਰਾਇਆ ਜਾਵੇਗਾ।
5. ਗਰੁੱਪ ਦੇ ਮੈਂਬਰ ਅਧਿਆਪਕ ਸਿਲੇਬਸ ਦੀ ਵੰਡ ਕਰਕੇ ਸਕੂਲ ਅਧਿਆਪਕਾਂ ਰਾਹੀਂ ਇਨ੍ਹਾਂ ਬੱਚਿਆਂ ਦਾ ਹਰ 15 ਦਿਨ ਬਾਅਦ ਟੈਸਟ ਲੈਣਗੇ ਅਤੇ ਉਸ ਦੀ ਸਮੀਖਿਆ ਕਰਨਗੇ।
6. 19 ਨਵੰਬਰ ਨੂੰ 8ਵੀ ਕਲਾਸ ਦੇ ਪੇਪਰ ਪੈਟਰਨ ਵਾਰੇ ਬੱਚਿਆਂ ਨੂੰ ਐਜੂਸੈਟ ਰਾਹੀਂ ਜਾਣਕਾਰੀ ਦਿੱਤੀ ਜਾਵੇਗੀ ਅਤੇ ਇਸ ਦੀ ਵੀਡੀਓ ਦੀ ਰਿਕਾਰਡਿੰਗ ਮਿਡਲ ਸਕੂਲਾਂ ਨੂੰ WhatsApp ਦੁਆਰਾ ਭੇਜੀ ਜਾਣੀ ਹੈ।(ਆਖਰੀ ਦੋ ਪੀਰੀਅਡ)

7. 20 ਨਵੰਬਰ ਨੂੰ ਸਕੂਲ ਮੁੱਖੀ ਇਸ ਗੱਲ ਦੀ ਤਸਦੀਕ ਕਰਨਗੇ ਕਿ ਉਸ ਸਕੂਲ ਦੇ ਅੱਠਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਪੇਪਰ ਦੇ ਪੈਟਰਨ ਬਾਰੇ ਪਤਾ ਲੱਗ ਚੁੱਕਿਆ ਹੈ।

8. 20 ਨਵੰਬਰ ਨੂੰ ਸਕੂਲ ਮੁੱਖੀ ਅੱਠਵੀਂ ਦਸਵੀਂ ਅਤੇ ਬਾਰਵੀਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਨਾਲ ਬੱਚਿਆਂ ਦੀ ਕਾਰਗੁਜ਼ਾਰੀ ਬਾਰੇ ਮੀਟਿੰਗ ਕਰਨਗੇ।

9. 20 ਨਵੰਬਰ ਨੂੰ 10ਵੀ ਕਲਾਸ ਦੇ ਪੇਪਰ ਪੈਟਰਨ ਬਾਰੇ ਬਚਿੱਆਂ ਨੂੰ ਐਜੂਸੈਟ ਰਾਹੀਂ ਜਾਣਕਾਰੀ ਦਿੱਤੀ ਜਾਵੇਗੀ ।**(ਆਖਰੀ ਦੋ ਪੀਰੀਅਡ)**

10. 20 ਨਵੰਬਰ ਤੱਕ 8ਵੀਂ,10ਵੀਂ ਅਤੇ 12ਵੀਂ ਨੂੰ ਪੜਾਉਣ ਵਾਲੇ 100% ਅਧਿਆਪਕਾਂ ਤੱਕ ਕਮਜੋਰ ਅਤੇ ਹੁਸ਼ਿਆਰ ਵਿਦਿਆਰਥੀਆਂ ਦੀ ਸੂਚਨਾ ਡੀ.ਐਮ./ਬੀ.ਐਮ ਵੱਲੋਂ ਪਹੁੰਚਾਉਣਾ ਅਤੇ ਸਬੰਧਤ ਬੀ.ਐਮ ਵੱਲੋਂ ਇਨਾਂ ਅਧਿਆਪਕਾਂ ਨਾਲ ਫੋਨ ਜਾਂ ਨਿੱਜੀ ਤੌਰ ਤੇ ਵਿਦਿਆਰਥੀਆਂ ਸਬੰਧੀ ਵਿਚਾਰ ਚਰਚਾ ਕਰਨਾ।

11. ਅਗਰ 20 ਨਵੰਬਰ ਤੱਕ ਕਿਸੇ ਸਕੂਲ ਕੋਲ ਇਹ ਸੂਚਨਾ ਨਹੀਂ ਪਹੁੰਚਦੀ ਤਾਂ ਸਕੂਲ ਮੁੱਖੀ 21 ਨਵੰਬਰ ਤੱਕ ਸਬੰਧਤ ਬੀ.ਐਮ. ਨਾਲ ਸਪੰਰਕ ਕਰਨਗੇ।

12. 21 ਨਵੰਬਰ ਨੂੰ ਸਕੂਲ ਮੁੱਖੀ ਇਹ ਗੱਲ ਦੀ ਤਸਦੀਕ ਕਰਨਗੇ ਕਿ ਉਸ ਸਕੂਲ ਦੇ 10ਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਪੇਪਰ ਦੇ ਪੈਟਰਨ ਬਾਰੇ ਪਤਾ ਲੱਗ ਚੁੱਕਿਆ ਹੈ।

13. 21 ਨਵੰਬਰ ਨੂੰ ਗਿਆਨ ਉਤਸਵ।

14. 22 ਨਵੰਬਰ ਨੂੰ 12ਵੀ ਕਲਾਸ ਦੇ ਮੈਡੀਕਲ, ਨਾਨ ਮੈਡੀਕਲ ਦੇ ਪੇਪਰ ਪੈਟਰਨ ਬਾਰੇ ਬਚਿੱਆਂ ਨੂੰ ਐਜੂਸੈਟ ਰਾਹੀਂ ਜਾਣਕਾਰੀ ਦਿੱਤੀ ਜਾਵੇਗੀ।(ਆਖਰੀ ਦੋ ਪੀਰੀਅਡ)

15. 23 ਨਵੰਬਰ ਨੂੰ ਸਕੂਲ ਮੁੱਖੀ ਇਹ ਗੱਲ ਦੀ ਤਸਦੀਕ ਕਰਨਗੇ ਕਿ ਉਸ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਪੇਪਰ ਦੇ ਪੈਟਰਨ ਬਾਰੇ ਪਤਾ ਲੱਗ ਚੁੱਕਿਆ ਹੈ।

16. 23 ਨਵੰਬਰ ਨੂੰ 12ਵੀ ਕਲਾਸ ਦੇ ਕਾਮਰਸ ਦੇ ਪੇਪਰ ਪੈਟਰਨ ਬਾਰੇ ਬਚਿੱਆਂ ਨੂੰ ਐਜੂਸੈਟ ਰਾਹੀਂ ਜਾਣਕਾਰੀ ਦਿੱਤੀ ਜਾਵੇਗੀ।**(ਆਖਰੀ ਦੋ ਪੀਰੀਅਡ)**

17. 23 ਨਵੰਬਰ ਨੂੰ ਸਕੂਲ ਮੁੱਖੀ ਇਹ ਗੱਲ ਦੀ ਤਸਦੀਕ ਕਰਨਗੇ ਕਿ ਉਸ ਸਕੂਲ ਦੇ +2 ਸਾਇੰਸ ਦੇ ਸਾਰੇ ਵਿਦਿਆਰਥੀਆਂ ਨੂੰ ਪੇਪਰ ਦੇ ਪੈਟਰਨ ਬਾਰੇ ਪਤਾ ਲੱਗ ਚੁੱਕਿਆ ਹੈ।

18. 25 ਨਵੰਬਰ ਨੂੰ 12ਵੀ ਕਲਾਸ ਦੇ ਆਰਟਸ ਦੇ ਪੇਪਰ ਪੈਟਰਨ ਬਾਰੇ ਬਚਿੱਆਂ ਨੂੰ ਐਜੂਸੈਟ ਰਾਹੀਂ ਜਾਣਕਾਰੀ ਦਿੱਤੀ ਜਾਵੇਗੀ।**(ਆਖਰੀ ਦੋ ਪੀਰੀਅਡ)**

19. 26 ਨਵੰਬਰ ਨੂੰ ਸਕੂਲ ਮੁੱਖੀ ਇਹ ਗੱਲ ਦੀ ਤਸਦੀਕ ਕਰਨਗੇ ਕਿ ਉਸ ਸਕੂਲ ਦੇ +2 ਆਰਟਸ ਦੇ ਸਾਰੇ ਵਿਦਿਆਰਥੀਆਂ ਨੂੰ ਪੇਪਰ ਦੇ ਪੈਟਰਨ ਬਾਰੇ ਪਤਾ ਲੱਗ ਚੁੱਕਿਆ ਹੈ।

## ਦਸੰਬਰ,2019

1. 2 ਦਸੰਬਰ ਨੂੰ ਬੀ.ਐਮ. ਵੱਲੋਂ ਅਧਿਆਪਕਾਂ ਨਾਲ ਵਿਚਾਰ ਵਟਾਂਦਰਾ ਕਰਕੇ ਸਾਫਟਵੇਅਰ ਤੇ ਵਿਦਿਆਰਥੀਆਂ ਦਾ ਡਾਟਾ ਅਪਡੇਟ ਕਰਨਗੇ।

2. 2 ਦਸੰਬਰ ਤੋਂ 7 ਦਸੰਬਰ ਤੱਕ ਪੇਪਰ।

3. 15 ਦਸੰਬਰ ਨੂੰ ਡੀ.ਐਮਜ਼/ਬੀ.ਐਮਜ਼ ਸਾਫਟਵੇਅਰ ਤੇ ਵਿਦਿਆਰਥੀਆਂ ਦਾ ਡਾਟਾ ਅਪਡੇਟ ਕਰਨਗੇ।

4. 16 ਦਸੰਬਰ ਨੂੰ ਬੋਰਡ ਦੇ ਪੇਪਰਾਂ ਨੂੰ ਹੱਲ ਕਰਨ ਸਬੰਧੀ ਵੀਡੀਓ / ਪੀਪੀਟੀ ਤਿਆਰ ਕਰਨਾ, ਅਤੇ ਐਜੂਸੈਟ ਰਾਹੀਂ ਅੱਠਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਨਾ।

5. 20 ਦਸੰਬਰ ਨੂੰ ਪਿਛਲੇ ਸਾਲ ਮੈਰਿਟ ਵਿੱਚ ਆਏ ਵਿਦਿਆਰਥੀ ਨਾਲ ਕੀਤੀ ਗਲਬਾਤ ਦੀ ਵੀਡੀਓ ਤਿਆਰ ਕਰਨਾ ਅਤੇ ਫੀਲਡ ਵਿੱਚ ਪਹੁੰਚਾਉਣਾ।

6. 20 ਦਸੰਬਰ ਤੱਕ ਹੀ ਦਸੰਬਰ ਟੈਸਟ ਦੇ ਅਧਾਰ ਤੇ ਮੈਰਿਟ ਵਾਲੇ ਵਿਦਿਆਰਥੀਆਂ ਦੀ ਕਾਰਗੁਜਾਰੀ ਦੀ ਗਰੁੱਪ ਮੈਂਬਰਾਂ ਅਤੇ ਡੀ.ਐਮਜ਼. ਨਾਲ ਵਿਚਾਰ ਚਰਚਾ ਕਰਨਾ।

7. 20 ਦਸੰਬਰ ਨੂੰ ਛੁੱਟੀਆਂ ਦਾ ਕੰਮ ਅਤੇ ਟੈਸਟ ਪੇਪਰ ਡੀ.ਐਮਜ਼/ਬੀ.ਐਮਜ਼ ਸਕੂਲਾਂ ਵਿੱਚ ਭੇਜਣਗੇ।

8. 21 ਦਸੰਬਰ ਨੂੰ ਅਧਿਆਪਕਾਂ ਨੂੰ ਕਮਜ਼ੋਰ ਅਤੇ ਹੁਸ਼ਿਆਰ ਵਿਦਿਆਰਥੀਆਂ ਦੀਆਂ WINTER Holidays classes ਲਗਾਉਣ ਲਈ ਪ੍ਰੇਰਿਤ ਕਰਨਾ।

**ਜਨਵਰੀ, 2020**

1. ਜਨਵਰੀ ਦੇ ਪਹਿਲੇ ਹਫਤੇ ਪੂਰੇ ਸਿਲੇਸਬ ਦਾ ਪੇਪਰ।

2. 10 ਜਨਵਰੀ ਨੂੰ ਅਧਿਆਪਕਾਂ ਨੂੰ ਇਨਟਰਨਲ ਅਸੈਸਮੈਂਟ/ ਪ੍ਰੈਕਟੀਕਲ ਸਬੰਧੀ ਐਜੂਸੈੱਟ ਰਾਹੀਂ ਸੰਬੋਧਨ ਕੀਤਾ ਜਾਵੇਗਾ।

3. 15 ਜਨਵਰੀ ਤੱਕ ਸਾਫਟਵੇਅਰ ਤੇ ਵਿਦਿਆਰਥੀਆਂ ਦਾ ਡਾਟਾ ਡੀ.ਐਮਜ਼/ਬੀ.ਐਮਜ਼ ਅਪਡੇਟ ਕਰਨਗੇ।

4. 15 ਜਨਵਰੀ ਨੂੰ ਕਮਜ਼ੋਰ ਵਿਦਿਆਰਥੀਆਂ ਲਈ ਅਸਾਨ ਕੋਰਸ ਵਿੱਚੋਂ ਸਵਾਲ ਡੀ.ਐਮਜ਼/ਬੀ.ਐਮਜ਼ ਸਕੂਲਾਂ ਵਿੱਚ ਭੇਜਣਗੇ।

**ਫਰਵਰੀ, 2020**

1. 1 ਫਰਵਰੀ ਨੂੰ 33% ਤੋਂ ਘੱਟ ਅਤੇ 90% ਤੋਂ ਵੱਧ ਵਾਲੇ ਵਿਦਿਆਰਥੀਆਂ ਦੀ ਨਿਸ਼ਾਨਦੇਹੀ ਕਰਨਾ।
2. ਫਰਵਰੀ ਦੇ ਪਹਿਲੇ ਹਫਤੇ ਪ੍ਰੀ-ਬੋਰਡ ਪੇਪਰ ਦੀ ਸਾਫਟ ਕਾਪੀ ਮੁੱਖ ਦਫ਼ਤਰ ਵੱਲੋਂ ਭੇਜੀ ਜਾਵੇਗੀ।
3. 15 ਫਰਵਰੀ ਨੂੰ 15% ਤੋਂ 33% ਅਤੇ 95% ਤੋਂ ਵੱਧ ਵਾਲੇ ਵਿਦਿਆਥੀਆਂ ਦੀ ਨਿਸ਼ਾਨਦੇਹੀ।

4. 16 ਫਰਵਰੀ ਨੂੰ ਬੋਰਡ ਦੇ ਪੇਪਰਾਂ ਨੂੰ ਵਿਦਿਆਰਥੀਆਂ ਵੱਲੋਂ ਹੱਲ ਕਰਨ ਸਬੰਧੀ ਵੀਡਿਓ/ ਪੀ.ਪੀ.ਟੀ. ਤਿਆਰ ਕਰਨਾ।
5. 17 ਫਰਵਰੀ ਤੋਂ ਮੈਰੀਟੋਰੀਅਸ ਵਿਦਿਆਰਥੀਆਂ ਦੀ ਕੋਚਿੰਗ।

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ,ਪੰਜਾਬ**

**ਪਿੱਠ ਅੰਕਣ ਨੰ: ਐਸ.ਸੀ.ਈ.ਆਰ.ਟੀ/ਸਸਅ/2019/**[illegible] **ਮਿਤੀ:** 18.11.19.

ਉਪਰੋਕਤ ਦਾ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਪੀ.ਆਈ. (ਸੈ.ਸਿ.), ਪੰਜਾਬ।
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
3. ਡੀ.ਐਮ.(MIS) ਨੂੰ ਵੈਬਸਾਈਟ ਤੇ ਪਾਉਣ ਹਿੱਤ।

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ,ਪੰਜਾਬ**